# ਅਧਿਕਾਰਤ ਬੈਲਟ



**SAN JOAQUIN ਕਾਉਂਟੀ**
**ਆਮ ਚੋਣਾਂ**
**3 ਨਵੰਬਰ, 2026**

Panjabi BT 44

## ਵੋਟ ਪਾਉਣ ਲਈ ਹਿਦਾਇਤਾਂ

**ਪੱਕਾ ਕਰੋ ਕਿ ਤੁਹਾਡੀ ਵੋਟ ਗਿਣੀ ਜਾਂਦੀ ਹੈ**

- ਸਿਰਫ਼ ਨੀਲੀ ਜਾਂ ਕਾਲੀ ਸਿਆਹੀ ਵਾਲੇ ਪੈੱਨ ਦੀ ਵਰਤੋਂ ਕਰੋ।



- ਤੁਸੀਂ ਜਿੰਨੇ ਚਾਹੋ ਓਨੇ ਜ਼ਿਆਦਾ ਜਾਂ ਜਿੰਨੇ ਚਾਹੋ ਓਨੇ ਘੱਟ ਚੋਣ-ਮੁਕਾਬਲਿਆਂ ਵਿੱਚ ਵੋਟ ਪਾ ਸਕਦੇ ਹਨ।
- ਕਿਸੇ ਉਮੀਦਵਾਰ ਜਾਂ ਵਿਧੇਅਕ ਨੂੰ ਵੋਟ ਪਾਉਣ ਲਈ, "ਹਾਂ" ਜਾਂ "ਨਹੀਂ" ਸ਼ਬਦ ਦੇ ਅੱਗੇ ਜਾਂ ਉਮੀਦਵਾਰ ਦੇ ਨਾਮ ਦੇ ਅੱਗੇ ਦਿੱਤੇ ਬੌਕਸ ਨੂੰ ਪੂਰੀ ਤਰ੍ਹਾਂ ਭਰੋ।

**ਰਾਈਟ-ਇਨ ਉਮੀਦਵਾਰ**

- ਕਿਸੇ ਯੋਗ ਰਾਈਟ-ਇਨ ਉਮੀਦਵਾਰ ਲਈ ਵੋਟ ਪਾਉਣ ਲਈ, ਪ੍ਰਦਾਨ ਕੀਤੀ ਗਈ ਖ਼ਾਲੀ ਥਾਂ ਵਿੱਚ ਉਸ ਉਮੀਦਵਾਰ ਦਾ ਨਾਮ ਲਿਖੋ ਅਤੇ ਬੌਕਸ ਨੂੰ ਪੂਰੀ ਤਰ੍ਹਾਂ ਭਰੋ।

**ਆਪਣੇ ਬੈਲਟ 'ਤੇ ਹੋਈਆਂ ਗਲਤੀਆਂ ਨੂੰ ਠੀਕ ਕਰਨਾ**

- ਜੇਕਰ ਤੁਸੀਂ ਬੈਲਟ 'ਤੇ ਕੋਈ ਗਲਤੀ ਕਰ ਦਿੰਦੇ ਹੋ, ਤਾਂ ਅਣਇੱਛਤ ਚੋਣ 'ਤੇ ਇੱਕ ਲਾਈਨ ਖਿੱਚੋ ਅਤੇ ਉਸ ਬੌਕਸ 'ਤੇ ਨਿਸ਼ਾਨ ਲਗਾਓ, ਜਿਸ ਨੂੰ ਵੋਟ ਪਾਉਣ ਦਾ ਤੁਸੀਂ ਇਰਾਦਾ ਰੱਖਦੇ ਹੋ ਜਾਂ ਨਵੀਂ ਬੈਲਟ ਲਈ ਬੇਨਤੀ ਕਰੋ

~~ਉਮੀਦਵਾਰ #1~~ *(ਅਣਇੱਛਤ ਚੋਣ)*
ਉਮੀਦਵਾਰ #2
ਉਮੀਦਵਾਰ #3 *(ਤੁਹਾਡੀ ਚੋਣ)*

- ਇੱਕ ਚੋਣ-ਮੁਕਾਬਲੇ ਵਿੱਚ ਹੋਈ ਕੋਈ ਗਲਤੀ ਬਾਕੀ ਬੈਲਟ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ

**ਜ਼ਿਆਦਾ ਵੋਟ ਪਾਉਣ ਤੋਂ ਬਚੋ**

- ਚੁਣੇ ਜਾਣ ਵਾਲੇ ਨੰਬਰ ਤੋਂ ਵੱਧ ਉਮੀਦਵਾਰਾਂ ਨੂੰ ਨਾ ਚੁਣੋ।

## ਵੋਟਰ-ਨਾਮਜ਼ਦ ਅਹੁਦੇ ਅਤੇ ਗੈਰ-ਪੱਖਪਾਤੀ ਅਹੁਦੇ

ਵੋਟਰਾਂ ਦੀ ਜਾਣਕਾਰੀ ਲਈ ਉਮੀਦਵਾਰ ਪਾਰਟੀ ਦੀ ਤਰਜੀਹ (ਜਾਂ ਕੋਈ ਨਹੀਂ) ਪ੍ਰਦਰਸ਼ਿਤ ਕਰਦੇ ਹਨ। ਇਹ ਕਿਸੇ ਪਾਰਟੀ ਦਾ ਸਮਰਥਨ ਜਾਂ ਉਸਦੀ ਪ੍ਰਵਾਨਗੀ ਨਹੀਂ ਹੁੰਦੀ ਹੈ।

## ਰਾਜ

### ਗਵਰਨਰ

ਇੱਕ ਨੂੰ ਵੋਟ ਪਾਓ

☐ **STEVE HILTON**
*ਛੋਟੇ ਕਾਰੋਬਾਰ ਦੇ ਮਾਲਕ*
*ਪਾਰਟੀ ਪਸੰਦਗੀ: ਰੀਪਬਲਿਕਨ*

☐ **XAVIER BECERRA**
*ਵੋਟਿੰਗ ਅਧਿਕਾਰਾਂ ਦਾ ਵਕੀਲ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

### ਲੈਫਟੀਨੈਂਟ ਗਵਰਨਰ

ਇੱਕ ਨੂੰ ਵੋਟ ਪਾਓ

☐ **GLORIA ROMERO**
*ਸਿੱਖਿਅਕ/ਕਾਰੋਬਾਰੀ ਔਰਤ*
*ਪਾਰਟੀ ਪਸੰਦਗੀ: ਰੀਪਬਲਿਕਨ*

☐ **FIONA MA**
*ਰਾਜ ਖਜ਼ਾਨਚੀ/ਪ੍ਰਮਾਣਿਤ ਜਨਤਕ ਲੇਖਾਕਾਰ (CPA)*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

### ਰਾਜ ਦੇ ਸਕੱਤਰ

ਇੱਕ ਨੂੰ ਵੋਟ ਪਾਓ

☐ **DONALD P. (DON) WAGNER**
*Orange ਕਾਉਂਟੀ ਸੁਪਰਵਾਈਜ਼ਰ*
*ਪਾਰਟੀ ਪਸੰਦਗੀ: ਰੀਪਬਲਿਕਨ*

☐ **SHIRLEY N. WEBER**
*ਕੈਲੀਫ਼ੋਰਨੀਆ ਦੇ ਰਾਜ ਸਕੱਤਰ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

### ਕੰਟਰੋਲਰ

ਇੱਕ ਨੂੰ ਵੋਟ ਪਾਓ

☐ **MALIA M. COHEN**
*ਸਟੇਟ ਕੰਟਰੋਲਰ/ਮਾਤਾ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

☐ **HERB W MORGAN**
*ਮੁੱਖ ਨਿਵੇਸ਼ ਅਧਿਕਾਰੀ*
*ਪਾਰਟੀ ਪਸੰਦਗੀ: ਰੀਪਬਲਿਕਨ*

### ਖਜ਼ਾਨਚੀ

ਇੱਕ ਨੂੰ ਵੋਟ ਪਾਓ

☐ **JENNIFER HAWKS**
*ਰਿਟਾਇਰਡ ਕਰੋਬਾਰੀ ਕਾਰਜਕਾਰੀ*
*ਪਾਰਟੀ ਪਸੰਦਗੀ: ਰੀਪਬਲਿਕਨ*

☐ **ELENI KOUNALAKIS**
*ਕੈਲੀਫੋਰਨੀਆ ਦੇ ਲੈਫਟੀਨੈਂਟ ਗਵਰਨਰ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

### ਅਟਾਰਨੀ ਜਨਰਲ

ਇੱਕ ਨੂੰ ਵੋਟ ਪਾਓ

☐ **ROB BONTA**
*ਕੈਲੀਫੋਰਨੀਆ ਦੇ ਅਟਾਰਨੀ ਜਨਰਲ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

☐ **MICHAEL E. GATES**
*ਸੰਯੁਕਤ ਰਾਜ ਅਮਰੀਕਾ ਦੇ ਡਿਪਟੀ ਅਟਾਰਨੀ*
*ਪਾਰਟੀ ਪਸੰਦਗੀ: ਰੀਪਬਲਿਕਨ*

### ਬੀਮਾ ਕਮਿਸ਼ਨਰ

ਇੱਕ ਨੂੰ ਵੋਟ ਪਾਓ

☐ **JANE KIM**
*ਅਟਾਰਨੀ/ਖਪਤਕਾਰ ਵਕੀਲ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

☐ **BEN ALLEN**
*ਕੈਲੀਫੋਰਨੀਆ ਰਾਜ ਸੈਨੇਟਰ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

### ਮੈਂਬਰ, ਰਾਜ ਸਮਾਨਤਾ ਬੋਰਡ, ਜ਼ਿਲ੍ਹਾ 1

ਇੱਕ ਨੂੰ ਵੋਟ ਪਾਓ

☐ **SHANNON GROVE**
*ਸਟੇਟ ਸੈਨੇਟਰ/ਕਾਰੋਬਾਰੀ ਔਰਤ*
*ਪਾਰਟੀ ਪਸੰਦਗੀ: ਰੀਪਬਲਿਕਨ*

☐ **NELSON ESPARZA**
*ਅਧਿਆਪਕ/ਅਰਥਸ਼ਾਸਤਰੀ/ਕੌਂਸਲ ਮੈਂਬਰ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

## ਸੰਯੁਕਤ ਰਾਜ ਅਮਰੀਕਾ ਦਾ ਨੁਮਾਇੰਦਾ

### ਕਾਂਗਰਸੀ ਜ਼ਿਲ੍ਹਾ 13

ਇੱਕ ਨੂੰ ਵੋਟ ਪਾਓ

☐ **KEVIN LINCOLN**
*ਛੋਟੇ ਕਾਰੋਬਾਰ ਦੇ ਮਾਲਕ*
*ਪਾਰਟੀ ਪਸੰਦਗੀ: ਰੀਪਬਲਿਕਨ*

☐ **ADAM GRAY**
*ਸੰਯੁਕਤ ਰਾਜ ਅਮਰੀਕਾ ਦਾ ਨੁਮਾਇੰਦਾ/ਸਿੱਖਿਅਕ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

## ਰਾਜ ਵਿਧਾਨਸਭਾ ਦੇ ਮੈਂਬਰ

### ਵਿਧਾਨ ਸਭਾ ਜ਼ਿਲ੍ਹਾ 13

ਇੱਕ ਨੂੰ ਵੋਟ ਪਾਓ

☐ **TOM PATTI**
*ਕਾਰੋਬਾਰੀ ਮਰਦ/ਪਿਤਾ*
*ਪਾਰਟੀ ਪਸੰਦਗੀ: ਰੀਪਬਲਿਕਨ*

☐ **RHODESIA RANSOM**
*ਰਾਜ ਦੇ ਅਸੈਂਬਲੀ ਮੈਂਬਰ*
*ਪਾਰਟੀ ਪਸੰਦਗੀ: ਡੈਮੋਕ੍ਰੈਟਿਕ*

## ਨਿਆਂਇਕ

ਹਰੇਕ ਅਹੁਦੇ ਲਈ ਹਾਂ ਜਾਂ ਨਹੀਂ ਵਿੱਚ ਵੋਟ ਪਾਓ।

### ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ ਲਈ

ਕੀ ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ **JOSHUA GROBAN** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

### ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ ਲਈ

ਕੀ ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ **KELLI M. EVANS** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

### ਪ੍ਰਸ਼ਾਸਕੀ ਪ੍ਰਧਾਨ ਜਸਟਿਸ, ਅਪੀਲ ਕੋਰਟ, ਤੀਜੇ ਜ਼ਿਲ੍ਹੇ ਲਈ

ਕੀ ਪ੍ਰਸ਼ਾਸਕੀ ਜਸਟਿਸ **LAURIE EARL** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

### ਐਸੋਸੀਏਟ ਜਸਟਿਸ, ਅਪੀਲ ਕੋਰਟ, ਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **LAURI DAMRELL** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

### ਐਸੋਸੀਏਟ ਜਸਟਿਸ, ਅਪੀਲ ਕੋਰਟ, ਤੀਜੇ ਜ਼ਿਲ੍ਹੇ ਲਈ

ਕੀ **DAVID B. SAPP** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

### ਐਸੋਸੀਏਟ ਜਸਟਿਸ, ਅਪੀਲ ਕੋਰਟ, ਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **STACY BOULWARE EURIE** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

### ਐਸੋਸੀਏਟ ਜਸਟਿਸ, ਅਪੀਲ ਕੋਰਟ, ਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **JONATHAN RENNER** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

### ਐਸੋਸੀਏਟ ਜਸਟਿਸ, ਅਪੀਲ ਕੋਰਟ, ਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **AIMEE A. FEINBERG** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

### ਐਸੋਸੀਏਟ ਜਸਟਿਸ, ਅਪੀਲ ਕੋਰਟ, ਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **SHAMA MESIWALA** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

☐ ਹਾਂ
☐ ਨਹੀਂ

# ਅਧਿਕਾਰਤ ਬੈਲਟ

**SAN JOAQUIN ਕਾਊਂਟੀ**
**ਆਮ ਚੋਣਾਂ**
**3 ਨਵੰਬਰ, 2026**

Panjabi BT 44

## ਸਕੂਲ

### ਜਨਤਕ ਹਿਦਾਇਤਾਂ ਦੇ ਨਿਗਰਾਨ

ਇੱਕ ਨੂੰ ਵੋਟ ਪਾਓ

☐ **SONJA SHAW**
*ਸਕੂਲ ਜ਼ਿਲ੍ਹਾ ਪ੍ਰਧਾਨ*

☐ **RICHARD BARRERA**
*ਸਟੇਟ ਸੁਪਰਡੈਂਟ ਸਲਾਹਕਾਰ*

☐ ______________________
*ਰਾਈਟ-ਇਨ*

### Tracy ਯੂਨੀਫਾਈਡ ਸਕੂਲ ਜ਼ਿਲ੍ਹਾ, ਬੋਰਡ ਮੈਂਬਰ, ਟਰੱਸਟੀ ਖੇਤਰ 7

ਇੱਕ ਨੂੰ ਵੋਟ ਪਾਓ

☐ **VIJAY PASAPULA**
*ਮਾਤਾ-ਪਿਤਾ/ਸਟੈਟਿਸਟੀਕਲ ਪ੍ਰੋਗਰਾਮਰ*

☐ **BARBARA "BOBBIE" ETCHEVERRY**
*ਸੰਚਾਰ ਮਾਹਰ*

☐ ______________________
*ਰਾਈਟ-ਇਨ*

## ਸ਼ਹਿਰ

### Tracy ਸ਼ਹਿਰ ਦੇ ਮੇਅਰ

ਇੱਕ ਨੂੰ ਵੋਟ ਪਾਓ

☐ **UYIOSA FELIX OVIAWE**
*ਰੱਖ-ਰਖਾਅ ਨਿਰਦੇਸ਼ਕ/ਠੇਕੇਦਾਰ*

☐ **DAN ARRIOLA**
*ਡਿਪਟੀ ਜ਼ਿਲ੍ਹਾ ਅਟਾਰਨੀ*

☐ **MATEO BEDOLLA**
*ਅਧਿਆਪਕ/Tracy ਕੌਂਸਲ ਮੈਂਬਰ*

☐ ______________________
*ਰਾਈਟ-ਇਨ*

## ਵੋਟਰਾਂ ਅੱਗੇ ਰੱਖੇ ਗਏ ਵਿਧੇਅਕ

## ਰਾਜ

### ਪ੍ਰਸਤਾਵ 1

**ਕਿਫਾਇਤੀ ਰਿਹਾਇਸ਼ ਪ੍ਰੋਗਰਾਮਾਂ ਲਈ ਬੌਂਡਸ ਜਾਰੀ ਕਰਨ ਦੀ ਮਨਜ਼ੂਰੀ ਦਿੰਦਾ ਹੈ। ਵਿਧਾਨਕ ਕਾਨੂੰਨ।** ਬਹੁ-ਪਰਿਵਾਰਕ ਕਿਰਾਏ ਦੀਆਂ ਰਿਹਾਇਸ਼ਾਂ, ਸਾਬਕਾ ਸੈਨਿਕਾਂ ਲਈ ਮੌਰਗੇਜ, ਸਹਾਇਕ ਰਿਹਾਇਸ਼, ਮੌਜੂਦਾ ਕਿਫਾਇਤੀ ਰਿਹਾਇਸ਼ਾਂ ਦੀ ਸੰਭਾਲ, ਅਤੇ ਡਾਊਨਪੇਮੈਂਟ ਸਹਾਇਤਾ ਸਮੇਤ ਰਿਹਾਇਸ਼ੀ ਕਿਫਾਇਤੀ ਪ੍ਰੋਗਰਾਮਾਂ ਲਈ ਰਾਜ ਦੇ ਆਮ ਜ਼ਿੰਮੇਵਾਰੀ ਬੌਂਡਸ ਵਿੱਚ $11.25 ਬਿਲੀਅਨ ਨੂੰ ਅਧਿਕਾਰਤ ਕਰਦਾ ਹੈ। **ਵਿੱਤੀ ਪ੍ਰਭਾਵ:** ਹਾਊਸਿੰਗ ਬੌਂਡ ਦੀ ਅਦਾਇਗੀ ਲਈ ਲਗਭਗ 25 ਸਾਲਾਂ ਤੱਕ ਸੂਬੇ ਦੇ ਖਰਚੇ ਵਿੱਚ ਸਾਲਾਨਾ 500 ਮਿਲੀਅਨ ਤੋਂ 600 ਮਿਲੀਅਨ ਡਾਲਰ ਦਾ ਵਾਧਾ। **ਸਮਰਥਕ:** ਯੂ.ਐੱਸ. ਵੈਟਸ; ਸੀ.ਏ. ਫੈਡਰੇਸ਼ਨ ਆਫ਼ ਟੀਚਰਜ਼; ਸੈਲਫ਼-ਹੈਲਪ ਫਾਰ ਦ ਐਲਡਰਲੀ; ਹੈਬੀਟੈਟ ਫਾਰ ਹਿਊਮੈਨਿਟੀ ਸੀ.ਏ.; ਸੀ.ਏ. ਅਲਾਇੰਸ ਆਫ਼ ਚਾਈਲਡ ਐਂਡ ਫੈਮਿਲੀ ਸਰਵਿਸਿਜ਼ **ਵਿਰੋਧੀ:** ਕੋਈ ਵੀ ਸਬਮਿਟ ਨਹੀਂ ਕੀਤਾ ਗਿਆ

☐ ਹਾਂ

☐ ਨਹੀਂ

### ਪ੍ਰਸਤਾਵ 2

**ਰਾਜ ਦੇ 'ਰੇਨੀ ਡੇ ਫੰਡ' (ਸੰਕਟਕਾਲੀਨ ਫੰਡ) ਵਿੱਚ ਵਾਧਾ ਕਰਦਾ ਹੈ। ਕਾਨੂੰਨੀ ਸੰਵਿਧਾਨਕ ਸੰਸ਼ੋਧਨ।** ਆਰਥਿਕ ਮੰਦੀ ਦੌਰਾਨ ਸਿੱਖਿਆ, ਸਿਹਤ ਸੰਭਾਲ, ਜਨਤਕ ਸੁਰੱਖਿਆ ਅਤੇ ਹੋਰ ਜ਼ਰੂਰੀ ਸੇਵਾਵਾਂ ਲਈ ਫੰਡ ਮੁਹੱਈਆ ਕਰਵਾਉਣ ਵਾਸਤੇ ਕੈਲੀਫੋਰਨੀਆ ਦੇ 'ਰੇਨੀ ਡੇ ਫੰਡ' (ਸੰਕਟਕਾਲੀਨ ਫੰਡ) ਵਿੱਚ ਵਾਧਾ ਕਰਦਾ ਹੈ, ਜਿਸ ਨੂੰ 2014 ਵਿੱਚ ਵੋਟਰਾਂ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ। **ਵਿੱਤੀ ਪ੍ਰਭਾਵ:** ਰਾਜ ਦੇ ਬਜਟ ਭੰਡਾਰ ਵਧੇਰੇ ਹੋਣਗੇ। **ਸਮਰਥਕ:** ਸੀ.ਏ. ਦੇ ਪੇਸ਼ੇਵਰ ਫਾਇਰਫਾਈਟਰਜ਼; ਲਾਸ ਏਂਜਲਸ ਚੈਂਬਰ ਆਫ਼ ਕਾਮਰਸ; Gavin Newsom; Xavier Becerra; ਅਸੈਂਬਲੀ ਮੈਂਬਰ Jesse Gabriel; **ਵਿਰੋਧੀ:** ਕੋਈ ਵੀ ਸਬਮਿਟ ਨਹੀਂ ਕੀਤਾ ਗਿਆ

☐ ਹਾਂ

☐ ਨਹੀਂ

### ਪ੍ਰਸਤਾਵ 3

**ਉੱਚ ਆਮਦਨ 'ਤੇ ਮੌਜੂਦਾ ਟੈਕਸ ਨੂੰ ਵਧਾ ਕੇ ਸਕੂਲਾਂ ਅਤੇ ਸਿਹਤ ਸੰਭਾਲ ਲਈ ਸਥਾਈ ਫੰਡਿੰਗ ਪ੍ਰਦਾਨ ਕਰਦਾ ਹੈ। ਪਹਿਲ ਸੰਵਿਧਾਨਕ ਸੰਸ਼ੋਧਨ।** $371,000 ਤੋਂ ਵੱਧ ਕਮਾਈ ਕਰਨ ਵਾਲੇ ਵਿਅਕਤੀਆਂ (ਜਿਨ੍ਹਾਂ ਦੀ ਆਮਦਨ ਮਹਿੰਗਾਈ ਦੇ ਅਨੁਸਾਰ ਸਾਲਾਨਾ ਤੌਰ 'ਤੇ ਅਨੁਕੂਲਿਤ ਕੀਤੀ ਜਾਂਦੀ ਹੈ) ਲਈ ਵੋਟਰਾਂ ਦੁਆਰਾ ਮਨਜ਼ੂਰਸ਼ੁਦਾ ਮੌਜੂਦਾ ਟੈਕਸ ਦਰਾਂ ਨੂੰ ਸਥਾਈ ਬਣਾਉਂਦਾ ਹੈ। ਟੈਕਸ ਤੋਂ ਪ੍ਰਾਪਤ ਆਮਦਨ ਨੂੰ ਜਨਤਕ ਸਿੱਖਿਆ ਲਈ ਨਿਰਧਾਰਿਤ ਕਰਦਾ ਹੈ। **ਵਿੱਤੀ ਪ੍ਰਭਾਵ:** ਉੱਚ-ਆਮਦਨ ਵਾਲੇ ਲੋਕਾਂ 'ਤੇ ਲਗਾਈ ਗਈ ਆਰਜ਼ੀ ਟੈਕਸ-ਵਾਧੇ ਨੂੰ 2031 ਵਿੱਚ ਸਮਾਪਤ ਹੋਣ ਦੇਣ ਦੀ ਬਜਾਏ ਸਥਾਈ ਬਣਾ ਕੇ, ਸਾਲਾਨਾ ਰਾਜ ਆਮਦਨ-ਟੈਕਸ ਮਾਲੀਏ ਦੇ 5 ਬਿਲੀਅਨ ਤੋਂ 15 ਬਿਲੀਅਨ ਡਾਲਰ ਦੇ ਪੱਧਰ ਨੂੰ ਬਰਕਰਾਰ ਰੱਖਦਾ ਹੈ। **ਸਮਰਥਕ:** ਕੈਲੀਫੋਰਨੀਆ ਟੀਚਰਜ਼ ਐਸੋਸੀਏਸ਼ਨ; ਸੀ.ਏ. ਸਕੂਲ ਨਰਸਿਜ਼ ਆਰਗੇਨਾਈਜ਼ੇਸ਼ਨ; ਕੈਲੀਫੋਰਨੀਆ ਸਟੇਟ ਪੀ.ਟੀ.ਏ.; ਪਲੈਨਡ ਪੇਰੈਂਟਹੁੱਡ ਐਫੀਲੀਏਟਸ ਆਫ਼ ਸੀ.ਏ. **ਵਿਰੋਧੀ:** ਕੈਲੀਫੋਰਨੀਆ ਟੈਕਸਦਾਤਾ ਐਸੋਸੀਏਸ਼ਨ; ਕੈਲੀਫੋਰਨੀਆ ਦੀ ਪਰਿਵਾਰਕ ਕਾਰੋਬਾਰੀ ਐਸੋਸੀਏਸ਼ਨ; ਕੈਲੀਫੋਰਨੀਆ ਹਿਸਪੈਨਿਕ ਚੈਂਬਰਜ਼ ਆਫ਼ ਕਾਮਰਸ

☐ ਹਾਂ

☐ ਨਹੀਂ

### ਪ੍ਰਸਤਾਵ 4

**ਚੋਣ ਮੁਹਿੰਮਾਂ ਲਈ ਜਨਤਕ ਫੰਡਿੰਗ 'ਤੇ ਲੱਗੀ ਪਾਬੰਦੀ ਨੂੰ ਸਮਾਪਤ ਕਰਦਾ ਹੈ। ਵਿਧਾਨਕ ਕਾਨੂੰਨ।**
ਉਮੀਦਵਾਰਾਂ ਦੀਆਂ ਚੋਣ ਮੁਹਿੰਮਾਂ ਲਈ ਜਨਤਕ ਫੰਡਿੰਗ ਦੀ ਪੇਸ਼ਕਸ਼ ਕਰਨ ਸੰਬੰਧੀ ਰਾਜ ਅਤੇ ਸਥਾਨਕ ਸਰਕਾਰਾਂ 'ਤੇ ਲੱਗੀ ਪਾਬੰਦੀ ਨੂੰ ਸਮਾਪਤ ਕਰਦਾ ਹੈ। ਜਨਤਕ ਫੰਡਿੰਗ ਪ੍ਰੋਗਰਾਮ ਸਿੱਖਿਆ, ਆਵਾਜਾਈ ਜਾਂ ਜਨਤਕ ਸੁਰੱਖਿਆ ਲਈ ਨਿਰਧਾਰਤ ਫੰਡਾਂ ਦੀ ਵਰਤੋਂ ਨਹੀਂ ਕਰ ਸਕਦੇ। **ਵਿੱਤੀ ਪ੍ਰਭਾਵ:** ਜਨਤਕ ਚੋਣ-ਪ੍ਰਚਾਰ ਵਿੱਤ ਪ੍ਰੋਗਰਾਮਾਂ ਬਾਰੇ ਰਾਜ ਅਤੇ ਸਥਾਨਕ ਸਰਕਾਰਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ 'ਫੇਅਰ ਪੋਲੀਟੀਕਲ ਪ੍ਰੈਕਟਿਸਿਜ਼ ਕਮਿਸ਼ਨ' 'ਤੇ ਰਾਜ ਨੂੰ ਹਰ ਸਾਲ ਕੁਝ ਲੱਖ ਡਾਲਰਾਂ ਦਾ ਚੱਲਦਾ ਖਰਚਾ ਆਉਂਦਾ ਹੈ। **ਸਮਰਥਕ:** ਲੀਗ ਆਫ਼ ਵੂਮੈਨ ਵੋਟਰਜ਼ ਆਫ਼ ਸੀ.ਏ.; ਕੈਲੀਫੋਰਨੀਆ ਨਰਸਿਜ਼ ਐਸੋਸੀਏਸ਼ਨ; ਮਾਨਸਿਕ ਸਿਹਤ ਵਕਾਲਤ; ਸੋਸ਼ਲ ਸਕਿਓਰਿਟੀ ਵਰਕਸ; ਕੰਜ਼ਿਊਮਰ ਵਾਚਡੌਗ **ਵਿਰੋਧੀ:** ਕੈਲੀਫੋਰਨੀਆ ਟੈਕਸਦਾਤਾ ਐਸੋਸੀਏਸ਼ਨ; ਹਾਵਰਡ ਜਾਰਵਿਸ ਟੈਕਸਦਾਤਾ ਐਸੋਸੀਏਸ਼ਨ; ਕੈਲੀਫੋਰਨੀਆ ਦੀ ਪਰਿਵਾਰਕ ਕਾਰੋਬਾਰੀ ਐਸੋਸੀਏਸ਼ਨ; ਯੂਨਾਈਟਿਡ ਲੈਟੀਨੋਜ਼ ਐਕਸ਼ਨ

☐ ਹਾਂ

☐ ਨਹੀਂ

### ਪ੍ਰਸਤਾਵ 5

**ਰਾਜ-ਪੱਧਰੀ ਅਧਿਕਾਰੀਆਂ ਲਈ ਰੀਕਾਲ ਚੋਣ ਪ੍ਰਕਿਰਿਆ ਵਿੱਚ ਬਦਲਾਅ। ਕਾਨੂੰਨੀ ਸੰਵਿਧਾਨਕ ਸੰਸ਼ੋਧਨ।** ਮੌਜੂਦਾ ਕਾਨੂੰਨ ਤਹਿਤ, ਵੋਟਰ ਰੀਕਾਲ ਚੋਣ ਦੇ ਨਾਲ-ਨਾਲ ਹੀ ਬਦਲਵੇਂ ਉਮੀਦਵਾਰਾਂ ਦੀ ਚੋਣ ਵੀ ਕਰਦੇ ਹਨ। ਇਸ ਦੀ ਬਜਾਏ ਇਹ ਉਪਾਅ ਬਾਅਦ ਦੀਆਂ ਵਿਸ਼ੇਸ਼ ਚੋਣਾਂ ਜਾਂ ਨਿਯੁਕਤੀ ਦੁਆਰਾ ਵਾਪਸ ਬੁਲਾਈਆਂ ਗਈਆਂ ਖਾਲੀ ਅਸਾਮੀਆਂ ਨੂੰ ਭਰਦਾ ਹੈ। **ਵਿੱਤੀ ਪ੍ਰਭਾਵ:** ਕੁੱਲ ਵਿੱਤੀ ਪ੍ਰਭਾਵ ਅਗਿਆਤ ਹੈ। ਜੇਕਰ ਅਹੁਦੇ ਤੋਂ ਰੀਕਾਲ (ਵਾਪਸ ਬੁਲਾਉਣ) ਦੀ ਪ੍ਰਕਿਰਿਆ ਹੁੰਦੀ ਹੈ, ਤਾਂ ਵਾਪਸ ਬੁਲਾਏ ਜਾਣ ਵਾਲੇ ਅਹੁਦੇ ਦੇ ਆਧਾਰ 'ਤੇ ਚੋਣ ਕਰਵਾਉਣ ਵਿੱਚ ਲੱਖਾਂ ਡਾਲਰਾਂ ਦੀ ਬੱਚਤ ਜਾਂ ਖਰਚਾ ਹੋ ਸਕਦਾ ਹੈ। **ਸਮਰਥਕ:** ਕੋਈ ਵੀ ਸਬਮਿਟ ਨਹੀਂ ਕੀਤਾ ਗਿਆ **ਵਿਰੋਧੀ:** ਕੋਈ ਵੀ ਸਬਮਿਟ ਨਹੀਂ ਕੀਤਾ ਗਿਆ

☐ ਹਾਂ
☐ ਨਹੀਂ

### ਪ੍ਰਸਤਾਵ 37

**ਯੋਗ ਨਵੇਂ ਘਰਾਂ ਦੇ ਮੱਧਮ-ਆਮਦਨ ਵਾਲੇ ਖਰੀਦਦਾਰਾਂ ਲਈ ਕਰਜ਼ਾ ਯੋਜਨਾ ਤਿਆਰ ਕਰਦਾ ਹੈ। ਪਹਿਲ ਕਾਨੂੰਨ।** ਲਗਭਗ 1.5 ਮਿਲੀਅਨ ਡਾਲਰ ਤੋਂ ਘੱਟ ਕੀਮਤ ਵਾਲੇ ਨਵੇਂ ਬਣੇ ਘਰ ਦੀ ਖਰੀਦ ਕੀਮਤ ਦੇ 17% ਤੱਕ ਦੇ ਹਿੱਸੇ ਲਈ, ਯੋਗ ਖਰੀਦਦਾਰਾਂ ਨੂੰ ਸਥਿਰ-ਦਰ ਵਾਲੇ ਮੌਰਗੇਜ ਦੀ ਪੇਸ਼ਕਸ਼ ਕਰਨ ਵਾਸਤੇ 25 ਬਿਲੀਅਨ ਡਾਲਰ ਦੇ ਬੌਂਡਸ ਜਾਰੀ ਕਰਨ ਨੂੰ ਮਨਜ਼ੂਰੀ ਦਿੰਦਾ ਹੈ। ਕਰਜ਼ਾ ਲੈਣ ਵਾਲਿਆਂ ਦਾ ਕੈਲੀਫੋਰਨੀਆ ਦਾ ਨਿਵਾਸੀ ਹੋਣਾ, ਉਸ ਘਰ ਵਿੱਚ ਰਹਿਣਾ, ਆਮਦਨ ਦੀਆਂ ਸੀਮਾਵਾਂ ਨੂੰ ਪੂਰਾ ਕਰਨਾ ਅਤੇ ਘੱਟੋ-ਘੱਟ 3% ਡਾਊਨ ਪੇਮੈਂਟ ਕਰਨਾ ਲਾਜ਼ਮੀ ਹੈ। ਬੌਂਡਸ ਦੀ ਅਦਾਇਗੀ ਮੌਰਗੇਜ ਦੀਆਂ ਕਿਸ਼ਤਾਂ ਰਾਹੀਂ ਕੀਤੀ ਜਾਂਦੀ ਹੈ, ਨਾ ਕਿ ਰਾਜ ਵੱਲੋਂ। **ਵਿੱਤੀ ਪ੍ਰਭਾਵ:** ਕੋਈ ਸਿੱਧਾ ਰਾਜ ਜਾਂ ਸਥਾਨਕ ਖਰਚਾ ਨਹੀਂ। **ਸਮਰਥਕ:** ਯੂਨਾਈਟਿਡ ਨਰਸਿਜ਼ ਐਸੋਸੀਏਸ਼ਨਜ਼ ਆਫ਼ ਕੈਲੀਫੋਰਨੀਆ; ਕੈਲੀਫੋਰਨੀਆ ਕਾਨਫਰੰਸ ਆਫ਼ ਕਾਰਪੈਂਟਰਜ਼; ਕੈਲੀਫੋਰਨੀਆ ਰਾਜ ਦੀ ਖਜ਼ਾਨਚੀ ਫਿਓਨਾ ਮਾ **ਵਿਰੋਧੀ:** ਕੋਈ ਵੀ ਸਬਮਿਟ ਨਹੀਂ ਕੀਤਾ ਗਿਆ

☐ ਹਾਂ
☐ ਨਹੀਂ

### ਪ੍ਰਸਤਾਵ 38

**ਇਮਿਊਨੋਲੋਜੀਕਲ ਡਾਕਟਰੀ ਖੋਜ ਲਈ ਬੌਂਡਸ ਨੂੰ ਮਨਜ਼ੂਰੀ ਦਿੰਦਾ ਹੈ। ਪਹਿਲ ਕਾਨੂੰਨ।** ਇਮਯੂਨੋਲੋਜੀ ਅਤੇ ਇਮਯੂਨੋਥੈਰੇਪੀ ਖੋਜ ਲਈ $8.4 ਬਿਲੀਅਨ ਦੇ ਜਨਰਲ ਔਬਿਲੇਸ਼ਨ ਬੌਂਡਸ ਨੂੰ ਅਧਿਕਾਰਤ ਕਰਦਾ ਹੈ, ਅੱਧਾ ਕੈਲੀਫੋਰਨੀਆ ਯੂਨੀਵਰਸਿਟੀ ਨਾਲ ਸੰਬੰਧਿਤ ਇੱਕ ਗੈਰ-ਮੁਨਾਫ਼ਾ ਮੈਡੀਕਲ ਖੋਜ ਸੰਸਥਾ ਨੂੰ, ਅੱਧਾ ਖੋਜ ਗ੍ਰਾਂਟਾਂ ਨੂੰ। **ਵਿੱਤੀ ਪ੍ਰਭਾਵ:** ਖੋਜ ਬੌਂਡ ਦੀ ਅਦਾਇਗੀ ਲਈ ਲਗਭਗ 20 ਸਾਲਾਂ ਤੱਕ ਸੂਬੇ ਦੇ ਖਰਚੇ ਵਿੱਚ ਸਾਲਾਨਾ 500 ਤੋਂ 600 ਮਿਲੀਅਨ ਡਾਲਰ ਦਾ ਵਾਧਾ ਹੋਵੇਗਾ; ਹਾਲਾਂਕਿ, ਜੇਕਰ ਫੰਡ ਪ੍ਰਾਪਤ ਖੋਜ ਤੋਂ ਆਮਦਨ ਹੁੰਦੀ ਹੈ ਤਾਂ ਇਸ ਖਰਚੇ ਦਾ ਕੁਝ ਜਾਂ ਸਾਰਾ ਹਿੱਸਾ ਪੂਰਾ ਕੀਤਾ ਜਾ ਸਕੇਗਾ। **ਸਮਰਥਕ:** Michael J. ਫੌਕਸ ਫਾਊਂਡੇਸ਼ਨ; Alzheimer ਲਾਸ ਏਂਜਲਸ; ਕਿਡਨੀ ਕੈਂਸਰ ਐਸੋਸੀਏਸ਼ਨ; ਅਮੈਰੀਕਨ ਨਰਸਿਜ਼ ਐਸੋਸੀਏਸ਼ਨ\ਸੀ.ਏ. **ਵਿਰੋਧੀ:** Robert M Kaplan Ph.D.

☐ ਹਾਂ
☐ ਨਹੀਂ

### ਪ੍ਰਸਤਾਵ 39

**ਨਾਗਰਿਕਾਂ ਨੂੰ ਵੋਟ ਪਾਉਣ ਤੋਂ ਉਦੋਂ ਤੱਕ ਰੋਕਦਾ ਹੈ, ਜਦੋਂ ਤੱਕ ਉਹ ਸਰਕਾਰ ਵੱਲੋਂ ਜਾਰੀ ਕੀਤੀ ਗਈ ਪਛਾਣ-ਪੱਤਰ ਪੇਸ਼ ਨਹੀਂ ਕਰਦੇ। ਪਹਿਲ ਸੰਵਿਧਾਨਕ ਸੰਸ਼ੋਧਨ।** ਉਨ੍ਹਾਂ ਡਾਕ ਰਾਹੀਂ ਭੇਜੀਆਂ ਗਈਆਂ ਵੋਟਾਂ ਨੂੰ ਅਵੈਧ ਕਰਾਰ ਦਿੰਦਾ ਹੈ, ਜਿਨ੍ਹਾਂ ਦੇ ਲਿਫ਼ਾਫ਼ੇ 'ਤੇ ਸਰਕਾਰ ਵੱਲੋਂ ਜਾਰੀ ਨਿਰਧਾਰਤ ਪਛਾਣ ਨੰਬਰ ਦੇ ਆਖਰੀ ਚਾਰ ਅੰਕ ਨਹੀਂ ਲਿਖੇ ਹੁੰਦੇ। ਸਰਕਾਰ ਵੱਲੋਂ ਜਾਰੀ ਪਛਾਣ-ਪੱਤਰ ਪੇਸ਼ ਕੀਤੇ ਬਿਨਾਂ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਦੀ ਮਨਾਹੀ ਕਰਦਾ ਹੈ। **ਵਿੱਤੀ ਪ੍ਰਭਾਵ:** ਵੋਟਿੰਗ ਦੀਆਂ ਨਵੀਆਂ ਸ਼ਰਤਾਂ ਨੂੰ ਲਾਗੂ ਕਰਨ ਲਈ ਹਰ ਸਾਲ ਕਈ ਕਰੋੜ ਡਾਲਰ ਤੋਂ ਲੈ ਕੇ ਕੁਝ ਸੌ ਕਰੋੜ ਡਾਲਰ ਤੱਕ ਦਾ ਖਰਚਾ। **ਸਮਰਥਕ:** ਦਿ ਟਰਾਂਸਪੇਰੈਂਸੀ ਫਾਊਂਡੇਸ਼ਨ; ਲਾਤੀਨੀ ਅਮਰੀਕੀ ਰਾਜਨੀਤਿਕ ਐਸੋਸੀਏਸ਼ਨ; ਹਾਵਰਡ ਜਾਰਵਿਸ ਟੈਕਸਦਾਤਾ ਐਸੋਸੀਏਸ਼ਨ; ਕੈਲੀਫੋਰਨੀਆ ਮਹਿਲਾ ਲੀਡਰਸ਼ਿਪ ਐਸੋਸੀਏਸ਼ਨ **ਵਿਰੋਧੀ:** ACLU ਕੈਲੀਫੋਰਨੀਆ ਐਕਸ਼ਨ; ਕਾਮਨ ਕੌਜ਼; ਲੀਗ ਆਫ਼ ਵੂਮੈਨ ਵੋਟਰਜ਼ ਆਫ਼ ਕੈਲੀਫੋਰਨੀਆ

☐ ਹਾਂ
☐ ਨਹੀਂ

### ਪ੍ਰਸਤਾਵ 40

**ਕੁਝ ਖਾਸ ਟੈਕਸਦਾਤਿਆਂ 'ਤੇ ਇੱਕ ਵਾਰੀ ਦਾ ਟੈਕਸ ਲਾਗੂ ਕਰਦਾ ਹੈ। ਪਹਿਲ ਸੰਵਿਧਾਨਕ ਸੰਸ਼ੋਧਨ ਅਤੇ ਕਾਨੂੰਨ।** 1 ਅਰਬ ਡਾਲਰ ਤੋਂ ਵੱਧ ਦੀ ਜਾਇਦਾਦ ਵਾਲੇ ਕੁਝ ਟੈਕਸਦਾਤਿਆਂ 'ਤੇ 5% ਟੈਕਸ ਲਗਾਇਆ ਜਾਂਦਾ ਹੈ; ਇਸ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਮੁੱਖ ਤੌਰ 'ਤੇ ਸਿਹਤ ਸੰਭਾਲ ਲਈ ਵਰਤੀ ਜਾਂਦੀ ਹੈ। ਸਕੂਲ ਫੰਡਿੰਗ ਅਤੇ ਖਰਚੇ ਦੀ ਸੀਮਾ ਸੰਬੰਧੀ ਸੰਵਿਧਾਨਕ ਲੋੜਾਂ ਤੋਂ ਆਮਦਨ ਨੂੰ ਛੋਟ ਦਿੰਦਾ ਹੈ। **ਵਿੱਤੀ ਪ੍ਰਭਾਵ:** ਅਰਬਪਤੀਆਂ 'ਤੇ ਲੱਗਣ ਵਾਲੇ ਦੌਲਤ-ਕਰ ਤੋਂ ਕਈ ਸਾਲਾਂ ਦੌਰਾਨ ਹੋਣ ਵਾਲਾ ਅਰਬਾਂ ਡਾਲਰਾਂ ਦਾ ਆਰਜ਼ੀ ਮਾਲੀਆ ਵਾਧਾ। ਅਰਬਪਤੀਆਂ ਤੋਂ ਪ੍ਰਾਪਤ ਹੋਣ ਵਾਲੇ ਆਮਦਨ ਕਰ ਮਾਲੀਏ ਵਿੱਚ ਪ੍ਰਤੀ ਸਾਲ 1 ਬਿਲੀਅਨ ਡਾਲਰ ਤੋਂ ਘੱਟ ਦੀ ਸੰਭਾਵਿਤ ਲਗਾਤਾਰ ਕਮੀ। **ਸਮਰਥਕ:** ਅਮਰੀਕੀ ਸੈਨੇਟਰ ਬਰਨੀ ਸੈਂਡਰਸ; SEIU ਯੂਨਾਈਟਿਡ ਹੈਲਥਕੇਅਰ ਵਰਕਰਜ਼ ਵੈਸਟ **ਵਿਰੋਧੀ:** ਕੈਲੀਫੋਰਨੀਆ ਪ੍ਰਾਇਮਰੀ ਕੇਅਰ ਐਸੋਸੀਏਸ਼ਨ; ਕੈਲੀਫੋਰਨੀਆ ਸਕੂਲ ਬੋਰਡ ਐਸੋਸੀਏਸ਼ਨ; ਕੈਲੀਫੋਰਨੀਆ ਟੈਕਸਪੇਅਰਜ਼ ਐਸੋਸੀਏਸ਼ਨ

☐ ਹਾਂ
☐ ਨਹੀਂ

### ਪ੍ਰਸਤਾਵ 41

**ਅਜਿਹੇ ਨਵੇਂ ਰਾਜ ਟੈਕਸਾਂ 'ਤੇ ਰੋਕ ਲਗਾਉਂਦਾ ਹੈ, ਜਿਨ੍ਹਾਂ ਤੋਂ ਪ੍ਰਾਪਤ ਆਮਦਨ ਨੂੰ ਰਾਜ ਦੇ ਖਰਚੇ ਦੀ ਸੀਮਾ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਰਾਜ ਦੇ ਨਵੇਂ ਵਿਸ਼ੇਸ਼ ਟੈਕਸਾਂ ਲਈ ਆਡਿਟ ਦੀ ਜ਼ਰੂਰਤ ਹੈ। ਪਹਿਲ ਸੰਵਿਧਾਨਕ ਸੰਸ਼ੋਧਨ।** ਇਹ 1 ਜਨਵਰੀ 2026 ਤੋਂ ਬਾਅਦ ਲਾਗੂ ਕੀਤੇ ਗਏ ਉਨ੍ਹਾਂ ਰਾਜ-ਪੱਧਰੀ ਟੈਕਸਾਂ ਨੂੰ ਰੱਦ ਕਰਦਾ ਹੈ, ਜੋ ਆਪਣੀ ਆਮਦਨ ਨੂੰ ਵੋਟਰਾਂ ਦੁਆਰਾ ਪ੍ਰਵਾਨਿਤ ਰਾਜ ਖਰਚੇ ਦੀ ਸੀਮਾ ਤੋਂ ਬਾਹਰ ਰੱਖਦੇ ਹਨ। ਨਵੇਂ ਵਿਸ਼ੇਸ਼ ਟੈਕਸਾਂ ਰਾਹੀਂ ਵਿੱਤੀ ਸਹਾਇਤਾ ਪ੍ਰਾਪਤ ਪ੍ਰੋਗਰਾਮਾਂ ਦੀ ਚੋਣ-ਪੂਰਵ ਅਤੇ ਨਿਯਮਤ ਆਡਿਟ ਦੀ ਜ਼ਰੂਰਤ ਹੁੰਦੀ ਹੈ। **ਵਿੱਤੀ ਪ੍ਰਭਾਵ:** ਕੁੱਲ ਵਿੱਤੀ ਪ੍ਰਭਾਵ ਅਣਜਾਣ ਹੈ ਕਿਉਂਕਿ ਇਹ ਵੋਟਰਾਂ, ਵਿਧਾਨ ਸਭਾ ਅਤੇ ਹੋਰ ਨੀਤੀ-ਘਾੜਿਆਂ ਦੇ ਭਵਿੱਖੀ ਫੈਸਲਿਆਂ 'ਤੇ ਨਿਰਭਰ ਕਰਦਾ ਹੈ। **ਸਮਰਥਕ:** ਸੀ.ਏ. ਸੁਸਾਇਟੀ ਆਫ਼ ਸਰਟੀਫਾਈਡ ਪਬਲਿਕ ਅਕਾਊਂਟੈਂਟਸ (CalCPAs); CalAsian ਚੈਂਬਰ ਆਫ਼ ਕਾਮਰਸ; ਕੈਲੀਫੋਰਨੀਆ ਟੈਕਸਪੇਅਰਜ਼ ਐਸੋਸੀਏਸ਼ਨ (CalTax) **ਵਿਰੋਧੀ:** US Senator Bernie Sanders; SEIU United Healthcare Workers West

☐ ਹਾਂ
☐ ਨਹੀਂ

# ਅਧਿਕਾਰਤ ਬੈਲਟ

**SAN JOAQUIN ਕਾਉਂਟੀ**
**ਆਮ ਚੋਣਾਂ**
**3 ਨਵੰਬਰ, 2026**



**ਪ੍ਰਸਤਾਵ 42**

**ਨਵੇਂ ਰਾਜ ਨਿੱਜੀ ਜਾਇਦਾਦ ਟੈਕਸਾਂ ਅਤੇ ਕੁਝ ਪਿਛਲੇ ਸਮੇਂ ਤੋਂ ਲਾਗੂ ਹੋਣ ਵਾਲੇ ਰਾਜ ਟੈਕਸਾਂ 'ਤੇ ਰੋਕ ਲਗਾਉਂਦਾ ਹੈ। ਪਹਿਲ ਸੰਵਿਧਾਨਕ ਸੰਸ਼ੋਧਨ।** ਇਹ ਕਿਸੇ ਵੀ ਅਜਿਹੇ ਨਵੇਂ ਰਾਜ ਟੈਕਸ 'ਤੇ ਰੋਕ ਲਗਾਉਂਦਾ ਹੈ, ਜੋ (1) ਨਿੱਜੀ ਜਾਇਦਾਦ (ਅਚੱਲ ਸੰਪਤੀ ਤੋਂ ਇਲਾਵਾ ਲੋਕਾਂ ਦੀ ਮਲਕੀਅਤ ਵਾਲੀਆਂ ਸਾਰੀਆਂ ਚੀਜ਼ਾਂ) ਦੀ ਮਾਲਕੀ 'ਤੇ ਲਗਾਇਆ ਗਿਆ ਹੋਵੇ, ਜਾਂ (2) ਜੋ ਟੈਕਸਦਾਤਾ ਦੀਆਂ ਪਿਛਲੀਆਂ ਗਤੀਵਿਧੀਆਂ ਦੇ ਆਧਾਰ 'ਤੇ ਪਿਛਲੇ ਸਮੇਂ ਤੋਂ ਲਾਗੂ ਹੁੰਦਾ ਹੋਵੇ। 1 ਜਨਵਰੀ 2026 ਤੋਂ ਬਾਅਦ ਲਾਗੂ ਕੀਤੇ ਗਏ ਉਨ੍ਹਾਂ ਟੈਕਸਾਂ ਨੂੰ ਰੱਦ ਕਰਦਾ ਹੈ, ਜੋ ਇਸ ਉਪਾਅ ਨਾਲ ਟਕਰਾਉਂਦੇ ਹਨ। **ਵਿੱਤੀ ਪ੍ਰਭਾਵ:** ਇਸ ਗੱਲ ਦੀ ਸੰਭਾਵਨਾ ਹੈ ਕਿ ਭਵਿੱਖ ਵਿੱਚ ਟੈਕਸ ਤੋਂ ਹੋਣ ਵਾਲੀ ਆਮਦਨ ਵਿੱਚ ਓਨਾ ਵਾਧਾ ਨਹੀਂ ਹੋਵੇਗਾ। **ਸਮਰਥਕ:** ਸੀ.ਏ. ਪ੍ਰੋਫੈਸ਼ਨਲ ਫਾਇਰਫਾਈਟਰਜ਼; ਸਟੇਟ ਬਿਲਡਿੰਗ ਐਂਡ ਕੰਸਟ੍ਰਕਸ਼ਨ ਟਰੇਡਜ਼ ਕੌਂਸਲ ਆਫ਼ ਸੀ.ਏ.; AMVETS ਡਿਪਾਰਟਮੈਂਟ ਆਫ਼ ਸੀ.ਏ. **ਵਿਰੋਧੀ:** US Senator Bernie Sanders; SEIU United Healthcare Workers West

☐ ਹਾਂ
☐ ਨਹੀਂ

**ਪ੍ਰਸਤਾਵ 43**

**ਇਹ ਸਥਾਨਕ ਸਰਕਾਰੀ ਸੇਵਾਵਾਂ ਲਈ ਮਾਲੀਆ ਇਕੱਠਾ ਕਰਨ ਦੀ ਵੋਟਰਾਂ ਦੀ ਸਮਰੱਥਾ ਨੂੰ ਸੀਮਤ ਕਰਦਾ ਹੈ। ਕਾਨੂੰਨੀ ਸੰਵਿਧਾਨਕ ਸੰਸ਼ੋਧਨ।** 1 ਜਨਵਰੀ 2027 ਤੋਂ, ਵੋਟਰਾਂ ਦੁਆਰਾ ਪ੍ਰਸਤਾਵਿਤ ਸਥਾਨਕ ਵਿਸ਼ੇਸ਼ ਟੈਕਸਾਂ ਨੂੰ ਮਨਜ਼ੂਰੀ ਦੇਣ ਲਈ ਲੋੜੀਂਦੀਆਂ ਵੋਟਾਂ ਦੀ ਪ੍ਰਤੀਸ਼ਤਤਾ ਨੂੰ ਬਹੁਮਤ (50% ਤੋਂ ਵੱਧ) ਤੋਂ ਵਧਾ ਕੇ ਦੋ-ਤਿਹਾਈ ਕਰਕੇ, ਵੋਟਰਾਂ ਦੀ ਅਜਿਹੇ ਪ੍ਰਸਤਾਵਾਂ ਨੂੰ ਪਾਸ ਕਰਨ ਦੀ ਸਮਰੱਥਾ ਨੂੰ ਸੀਮਤ ਕਰਦਾ ਹੈ। **ਵਿੱਤੀ ਪ੍ਰਭਾਵ:** ਇਸ ਗੱਲ ਦੀ ਸੰਭਾਵਨਾ ਹੈ ਕਿ ਕੁਝ ਖਾਸ ਟੈਕਸਾਂ ਲਈ ਵੋਟਾਂ ਦੀ ਉੱਚੀ ਹੱਦ (ਥ੍ਰੈਸ਼ਹੋਲਡ) ਕਾਰਨ ਭਵਿੱਖ ਵਿੱਚ ਸਥਾਨਕ ਸਰਕਾਰ ਦੇ ਟੈਕਸ ਮਾਲੀਏ ਵਿੱਚ ਓਨਾ ਵਾਧਾ ਨਹੀਂ ਹੋਵੇਗਾ। **ਸਮਰਥਕ:** ਕੈਲੀਫੋਰਨੀਆ ਟੈਕਸਦਾਤਾ ਐਸੋਸੀਏਸ਼ਨ; ਕੈਲੀਫੋਰਨੀਆ ਦੀ ਪਰਿਵਾਰਕ ਕਾਰੋਬਾਰੀ ਐਸੋਸੀਏਸ਼ਨ; ਕੈਲੀਫੋਰਨੀਆ ਹਿਸਪੈਨਿਕ ਚੈਂਬਰਜ਼ ਆਫ਼ ਕਾਮਰਸ **ਵਿਰੋਧੀ:** ਕੈਲੀਫੋਰਨੀਆ ਪ੍ਰੋਫੈਸ਼ਨਲ ਫਾਇਰਫਾਈਟਰਜ਼; ਕੈਲੀਫੋਰਨੀਆ ਫੈਡਰੇਸ਼ਨ ਆਫ਼ ਟੀਚਰਜ਼; ਨਰਸ ਅਲਾਇੰਸ ਆਫ਼ SEIU CA.

☐ ਹਾਂ
☐ ਨਹੀਂ

**ਪ੍ਰਸਤਾਵ 44**

**ਇਸ ਲਈ ਲੋੜ ਹੈ ਕਿ ਕਮਿਊਨਿਟੀ ਹੈਲਥ ਕਲੀਨਿਕ ਆਪਣੀ ਆਮਦਨ ਦਾ 90% ਹਿੱਸਾ ਪ੍ਰੋਗਰਾਮ ਸੇਵਾਵਾਂ 'ਤੇ ਖਰਚ ਕਰਨ। ਪਹਿਲ ਕਾਨੂੰਨ।** ਗੈਰ-ਮੁਨਾਫ਼ਾ ਫੈਡਰਲੀ ਕੁਆਲੀਫਾਈਡ ਹੈਲਥ ਸੈਂਟਰਾਂ (ਡਾਕਟਰੀ ਤੌਰ 'ਤੇ ਘੱਟ ਸੇਵਾ ਵਾਲੇ ਖੇਤਰਾਂ ਅਤੇ ਆਬਾਦੀ ਨੂੰ ਮੁੱਢਲੀ ਦੇਖਭਾਲ ਪ੍ਰਦਾਨ ਕਰਨ ਵਾਲੇ ਕਮਿਊਨਿਟੀ ਕਲੀਨਿਕ) 'ਤੇ ਜੁਰਮਾਨੇ ਲਗਾਉਂਦੇ ਹਨ, ਜੋ ਆਪਣੇ ਚੈਰੀਟੇਬਲ ਉਦੇਸ਼ ਨੂੰ ਅੱਗੇ ਵਧਾਉਣ ਲਈ "ਪ੍ਰੋਗਰਾਮ ਸੇਵਾਵਾਂ" 'ਤੇ 90% ਤੋਂ ਘੱਟ ਮਾਲੀਆ ਖਰਚ ਕਰਦੇ ਹਨ, ਜਿਸ ਵਿੱਚ ਮਰੀਜ਼ ਸੇਵਾਵਾਂ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ। **ਵਿੱਤੀ ਪ੍ਰਭਾਵ:** ਸੂਬੇ ਦੇ ਖਰਚਿਆਂ ਵਿੱਚ ਸਾਲਾਨਾ ਕੁਝ ਕਰੋੜ ਡਾਲਰਾਂ ਦਾ ਵਾਧਾ, ਜਿਸ ਦੀ ਭਰਪਾਈ ਫੀਸਾਂ ਰਾਹੀਂ ਕੀਤੀ ਜਾਂਦੀ ਹੈ। **ਸਮਰਥਕ:** ਕੋਈ ਵੀ ਸਬਮਿਟ ਨਹੀਂ ਕੀਤਾ ਗਿਆ **ਵਿਰੋਧੀ:** ਅਮੇਰੀਕਨ ਅਕੈਡਮੀ ਆਫ਼ ਪੀਡੀਆਟ੍ਰਿਕਸ, ਸੀ.ਏ.; ਸੀ.ਏ. ਸਕੂਲ ਨਰਸਾਂ ਸੰਗਠਨ, ਸੀ.ਏ. ਅਕੈਡਮੀ ਆਫ਼ ਫੈਮਿਲੀ ਫਿਜ਼ੀਸ਼ੀਅਨ; ਸੀ.ਏ. ਮੈਡੀਕਲ ਐਸੋ.

☐ ਹਾਂ
☐ ਨਹੀਂ

**ਪ੍ਰਸਤਾਵ 45**

**ਕੁਝ ਪ੍ਰੋਜੈਕਟਾਂ ਲਈ ਵਾਤਾਵਰਣਕ ਸਮੀਖਿਆ ਵਿੱਚ ਸੋਧ ਕਰਦਾ ਹੈ। ਪਹਿਲ ਕਾਨੂੰਨ।** ਕੁਝ ਪ੍ਰੋਜੈਕਟਾਂ (ਜ਼ਿਆਦਾਤਰ ਰਿਹਾਇਸ਼, ਆਵਾਜਾਈ, ਪਾਣੀ ਅਤੇ ਸਿਹਤ ਪ੍ਰੋਜੈਕਟਾਂ ਸਮੇਤ) ਲਈ ਵਾਤਾਵਰਣ ਸਮੀਖਿਆ ਨੂੰ ਤੇਜ਼ ਕਰਨ ਲਈ ਕੈਲੀਫੋਰਨੀਆ ਵਾਤਾਵਰਣ ਗੁਣਵੱਤਾ ਐਕਟ (Amends California Environmental Quality Act, CEQA) ਵਿੱਚ ਸੋਧ ਕਰਦਾ ਹੈ, ਵਾਤਾਵਰਣ ਸਮੀਖਿਆ ਨੂੰ ਪੂਰਾ ਕਰਨ ਲਈ ਸਮਾਂ-ਸੀਮਾਵਾਂ ਨਿਰਧਾਰਤ ਕਰਕੇ ਅਤੇ ਪ੍ਰੋਜੈਕਟ ਮਨਜ਼ੂਰੀਆਂ ਨੂੰ ਚੁਣੌਤੀ ਦੇਣ ਵਾਲੇ ਮੁਕੱਦਮਿਆਂ ਨੂੰ ਹੱਲ ਕਰਕੇ। **ਵਿੱਤੀ ਪ੍ਰਭਾਵ:** ਰਾਜ ਅਤੇ ਸਥਾਨਕ ਸਰਕਾਰਾਂ ਲਈ ਸ਼ੁਰੂਆਤੀ ਖਰਚੇ, ਜਿਨ੍ਹਾਂ ਦੇ ਸਾਲਾਨਾ ਕਈ ਕਰੋੜ ਡਾਲਰ-ਸੰਭਾਵੀ ਤੌਰ 'ਤੇ 10 ਕਰੋੜ ਡਾਲਰ ਤੋਂ ਵੱਧ ਹੋਣ ਦੀ ਸੰਭਾਵਨਾ ਹੈ—ਅੰਸ਼ਕ ਤੌਰ 'ਤੇ ਫੀਸਾਂ ਰਾਹੀਂ ਪੂਰੇ ਕੀਤੇ ਜਾਣਗੇ। ਅਨਿਸ਼ਚਿਤ, ਅਤੇ ਸੰਭਾਵੀ ਤੌਰ 'ਤੇ ਵਧੇਰੇ ਮਹੱਤਵਪੂਰਨ ਸਕਾਰਾਤਮਕ ਜਾਂ ਨਕਾਰਾਤਮਕ ਲੰਬੇ ਸਮੇਂ ਦੇ ਵਿੱਤੀ ਪ੍ਰਭਾਵ। **ਸਮਰਥਕ:** ਕੈਲੀਫੋਰਨੀਆ ਚਿਲਡਰਨਜ਼ ਹਸਪਤਾਲ ਐਸੋਸੀਏਸ਼ਨ; ਕੈਲੀਫੋਰਨੀਆ ਵਾਟਰ ਐਸੋਸੀਏਸ਼ਨ; ਕੈਲੀਫੋਰਨੀਆ ਕੌਂਸਲ ਫਾਰ ਅਫੋਰਡੇਬਲ ਹਾਊਸਿੰਗ **ਵਿਰੋਧੀ:** ਕੋਲੀਸ਼ਨ ਫਾਰ ਕਲੀਨ ਏਅਰ; ਸੀ.ਏ. ਐਨਵਾਇਰਨਮੈਂਟਲ ਵੋਟਰਜ਼; ਫਿਜ਼ੀਸ਼ੀਅਨਜ਼ ਫਾਰ ਸੋਸ਼ਲ ਰਿਸਪੌਂਸੀਬਿਲਿਟੀ, ਐੱਲ.ਏ.; ਨੈਸ਼ਨਲ ਵਾਈਲਡਲਾਈਫ ਫੈਡਰੇਸ਼ਨ

☐ ਹਾਂ
☐ ਨਹੀਂ